# ਨੰਦੀਗਰਾਮ ਦੇ ਲੋਕਾਂ ਦਾ ਘੋਲ ਅਤੇ ਸਟੇਟ ਦੀ ਦਹਿਸ਼ਤਗਰਦੀ

ਕੁਝ ਦਿਨ ਪਹਿਲਾਂ ਪੱਛਮੀ ਬੰਗਾਲ ਦੀ ਪੁਲਿਸ ਅਤੇ ਨੀਮ ਫੌਜ ਨੇ ਨੰਦੀਗਰਾਮ ਵਿਚ ਕਈ ਦਰਜਨਾਂ ਕਿਸਾਨਾਂ ਨੂੰ ਗੋਲੀਆਂ ਨਾਲ ਭੁੰਨਿਆਂ ਅਤੇ ਸੈਂਕੜੇ ਫੱਟੜ ਕੀਤੇ। ਨਿਹੱਥੇ ਔਰਤਾਂ ਅਤੇ ਬੱਚਿਆਂ ਉਤੇ ਵੀ ਡਾਂਗਾਂ ਦੀ ਵਰਖਾ ਕੀਤੀ ਗਈ ਅਤੇ ਕਈ ਔਰਤਾਂ ਦੀ ਪੱਤ ਵੀ ਲੁੱਟੀ ਗਈ। ਸਰਕਾਰੀ ਦਹਿਸ਼ਤਗਰਦ ਦਾ ਇਹ ਨੰਗਾ ਨਾਚ ਸੀ.ਪੀ.ਆਈ(ਐਮ) ਦੀ ਅਗਵਾਈ ਹੇਠ ਖੱਬੇ ਸਾਂਝੇ ਮੋਰਚੇ ਦੀ ਸਰਕਾਰ ਦੇ ਹੁਕਮਾਂ ਤੇ ਕੀਤਾ ਗਿਆ।

ਹਿੰਦੁਸਤਾਨ ਅਤੇ ਤਮਾਮ ਦੁਨੀਆਂ ਦੇ ਆਮ ਲੋਕਾਂ ਨੇ ਇਸ ਵਹਿਸ਼ੀ ਸਰਕਾਰੀ ਦਹਿਸ਼ਤਗਰਦੀ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਗੈਰ ਸਰਕਾਰੀ ਸੰਸਥਾਵਾਂ, ਸਿਆਸੀ ਕਾਰਕੁਨਾਂ, ਕਲਾਕਾਰਾਂ, ਇਨਕਲਾਬੀ ਜੱਥਬੰਦੀਆਂ ਅਤੇ ਰੌਸ਼ਨਖਿਆਲ ਸ਼ਖ਼ਸੀਅਤਾਂ ਨੇ ਪੱਛਮੀ ਬੰਗਾਲ ਸਰਕਾਰ ਦੀ ਇਸ ਗੁੰਡਾਗਰਦੀ ਨੂੰ ਭੰਡਿਆ ਹੈ। ਪਰ ਪੱਛਮੀ ਬੰਗਾਲ ਦੇ ਮੁੱਖ ਮੰਤ੍ਰੀ ਨੇ ਬੜੀ ਬੇਸ਼ਰਮੀ ਨਾਲ ਇਸ ਦਹਿਸ਼ਤਗਰਦੀ ਨੂੰ ਜਾਇਜ਼ ਠਹਿਰਾਉਂਦੇ ਹੋਏ ਇਹ ਫਾਸ਼ੀ ਦਲੀਲ ਦਿਤੀ ਕਿ ਪੁਲਿਸ ਨੂੰ ਆਪਣੇ ਬਚਾਉ ਲਈ ਗੋਲੀ ਚਲਾਉਣੀ ਪਈ ਸੀ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ। ਪਰ ਪੱਛਮੀ ਬੰਗਾਲ ਦੇ ਮੁੱਖ ਮੰਤ੍ਰੀ ਦੀ ਇਹ ਦਲੀਲ ਕਿਸੇ ਨੂੰ ਗੁਮਰਾਹ ਨਹੀਂ ਕਰ ਸਕਦੀ। ਦੂਸਰੇ ਪਾਸੇ, ਅਸਲੀਅਤ ਨੂੰ ਲੋਕਾਂ ਤੋਂ ਓਹਲੇ ਰੱਖਣ ਦੀ ਕੋਸ਼ਿਸ਼ ਕਰਦਿਆਂ ਸੀ.ਪੀ.ਆਈ(ਮ) ਦੇ ਜਨਰਲ ਸਕੱਤਰ ,ਪ੍ਰਕਾਸ਼ ਕਾਰਾਤ, ਨੇ ਫੋਕੀ ਬਿਆਨਬਾਜ਼ੀ ਕਰਦਿਆਂ ਇਸ ਘਟਨਾ ਦੀ ਤਫਤੀਸ਼ ਦੀ ਮੰਗ ਕੀਤੀ ਹੈ ਅਤੇ ਇਸ ਗੋਲੀ ਕਾਂਡ ਤੇ ਅਫਸੋਸ ਜ਼ਾਹਿਰ ਕੀਤਾ ਹੈ।

ਨੰਦੀਗਰਾਮ ਵਿਚ ਹੋਈ ਇਹ ਸਰਕਾਰੀ ਦਹਿਸ਼ਤਗਰਦੀ ਜਿਹੜੀ ਅਸਲੀਅਤ ਨੂੰ ਨੰਗਾ ਕਰਦੀ ਹੈ ਉਹ ਇਹ ਹੈ ਕਿ ਰਾਜ ਦੀ ਇਸ ਪ੍ਰਣਾਲੀ ਵਿਚ ਰਾਜ ਅਤੇ ਰਾਜਤੰਤ੍ਰ ਲੋਕਾਂ ਦੇ ਹਿੱਤ ਪੂਰਨ ਲਈ ਨਹੀਂ ਬਣਾਏ ਗਏ ਬਲਕਿ ਲੋਕਾਂ ਦੇ ਹਿੱਤਾਂ ਤੇ ਸੱਟ ਮਾਰਨ ਲਈ ਬਣਾਏ ਗਏ ਹਨ। ਇਸ ਪਰਣਾਲੀ ਅੰਦਰ ਸਿਆਸੀ ਪਾਰਟੀਆਂ ਦਾ ਰੋਲ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨਾ ਨਹੀਂ ਬਲਕਿ ਲੋਕਾਂ ਨੂੰ ਸੱਤਾ ਤੋਂ ਦੂਰ ਰੱਖ ਕੇ ਕਮਜ਼ੋਰ ਬਣਾਈ ਰੱਖਣਾ ਹੈ। ਇਸ ਢਾਂਚੇ ਅੰਦਰ ਹਰੇਕ ਪਾਰਟੀ ਦਾ ਇਹੋ ਰੋਲ ਹੈ ਚਾਹੇ ਜਿਹੜੀ ਮਰਜ਼ੀ ਹੋਵੇ। ਮਿਸਾਲ ਦੇ ਤੌਰ ਤੇ, ਸੀ.ਪੀ.ਆਈ(ਮ) ਆਪਣੇ ਆਪ ਨੂੰ ਖੱਬੇ ਪੱਖੀ ਅਤੇ ਲੋਕਾਂ ਦੇ ਹਿਤਾਂ ਦੀ ਮੁਹਾਫ਼ਿਜ਼ ਪਾਰਟੀ ਕਹਾਉਂਦੀ ਹੈ ਅਤੇ ਪਿਛਲੇ 30 ਸਾਲਾਂ ਤੋਂ ਇਹ ਪੱਛਮੀ ਬੰਗਾਲ ਵਿਚ ਰਾਜ ਕਰਦੀ ਆ ਰਹੀ ਹੈ ਪਰ ਨੰਦੀਗਰਾਮ ਦੀ ਸਰਕਾਰੀ ਦਹਿਸ਼ਤਗਰਦੀ ਇਕ ਵਾਰੀ ਫਿਰ ਸਾਫ਼ ਕਰਦੀ ਹੈ ਕਿ ਸੀ.ਪੀ.ਆਈ(ਮ) ਅਤੇ ਹੋਰ ਪਾਰਟੀਆਂ ਇਸ ਪਾਰਟੀ ਰਾਜ ਦੀ ਪ੍ਰਣਾਲੀ ਅੰਦਰ ਲੋਕਾਂ ਦੇ ਤਾਕਤ ਵਿਚ ਆਉਣ ਵਿਚ ਇਕ ਰੋੜਾ ਹਨ ਅਤੇ ਹੋਰਨਾਂ ਪਾਰਟੀਆਂ ਵਾਂਗ ਹੀ ਸੀ.ਪੀ.ਆਈ(ਮ) ਵੀ ਲੋਕਾਂ ਦੇ ਹਿਤਾਂ ਦੀ ਦੁਸ਼ਮਣ ਹੈ ਅਤੇ ਉਨ੍ਹਾਂ ਨੂੰ ਆਪਣੀ ਪ੍ਰਭੁਸੱਤਾ ਤੋਂ ਵਾਂਝੇ ਰੱਖਕੇ ਹਾਕਮ ਜਮਾਤਾਂ ਦਾ ਪੱਖ ਪੂਰਦੀ ਹੈ।

ਨੰਦੀਗਰਾਮ ਵਿਚ ਲੋਕ ਪੱਛਮੀ ਬੰਗਾਲ ਦੀ ਸਰਕਾਰ ਵਲੋਂ ਕਿਸਾਨਾਂ ਦੀ ਜ਼ਮੀਨ ਟਾਟੇ ਨੂੰ ਦੇਣ ਦੇ ਖ਼ਿਲਾਫ਼ ਕੁਝ ਮਹੀਨਿਆਂ ਤੋਂ ਸੰਘਰਸ਼ ਚਲਾ ਰਹੇ ਹਨ। ਉਹ ਨਹੀਂ ਚਾਹੁੰਦੇ ਕਿ ਸਰਕਾਰ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਟਾਟੇ ਦੀਆਂ ਜੇਬਾਂ ਭਰਨ ਲਈ ਖ਼ਤਮ ਕਰ ਦੇਵੇ। ਪੱਛਮੀ ਬੰਗਾਲ ਦੀ ਸਰਕਾਰ ਅਤੇ ਸੀ.ਪੀ.ਆਈ(ਮ) ਲੋਕਾਂ ਤੇ ਕਈ ਤਰਾਂ ਦੇ ਦਬਾਅ ਪਾ ਰਹੇ ਸਨ ਤੇ ਕਹਿ ਰਹੇ ਸਨ ਕਿ ਸੂਬੇ ਦੇ ਸਨਅਤੀਕਰਨ ਲਈ ਟਾਟੇ ਨੂੰ ਇਹ ਜ਼ਮੀਨ ਜ਼ਰੂਰ ਦੇਣੀ ਪੈਣੀ ਹੈ। ਪਰ ਲੋਕ ਕਿਸੇ ਵੀ ਦਬਾਅ ਹੇਠ ਨਹੀਂ ਆਏ ਹਨ ਅਤੇ ਆਪਣੀ ਜ਼ਮੀਨਾਂ ਟਾਟੇ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਰਹੇ ਹਨ। ਸੀ.ਪੀ.ਆਈ(ਮ) ਦੇ ਕਾਡਰ ਪਿੰਡਾਂ ਵਿਚ ਮੁਖਬਰੀ ਕਰਕੇ  ਲੋਕਾਂ ਦੇ ਸੰਘਰਸ਼ ਬਾਰੇ ਪੁਲਿਸ ਨੂੰ ਸੂਹਾਂ ਦੇਣ ਦਾ ਕੰਮ ਕਰ ਰਹੇ ਸਨ। ਨੰਦੀਗਰਾਮ ਦੇ ਲੋਕਾਂ ਵਿਚ ਇਸ ਲਈ ਸੀ.ਪੀ.ਆਈ(ਮ) ਦੇ ਕਾਡਰਾਂ ਖ਼ਿਲਾਫ਼ ਵੀ ਬਹੁਤ ਰੋਹ ਹੈ।

ਇਕ ਗੱਲ ਬਿਲਕੁਲ ਸਾਫ਼ ਹੈ ਕਿ ਪਾਰਲੀਮਾਨੀ ਜਮਹੂਰੀਅਤ ਦੀ ਇਸ ਪ੍ਰਣਾਲੀ ਵਿਚ ਭਾਂਵੇ ਕੋਈ ਵੀ ਪਾਰਟੀ ਤਾਕਤ ਵਿਚ ਹੋਵੇ ਉਹ ਲੋਕਾਂ ਦੇ ਖ਼ਿਲਾਫ਼ ਅਤੇ ਹਾਕਮ ਜਮਾਤਾਂ ਦੇ ਹੱਕ ਵਿਚ ਹੀ ਕੰਮ ਕਰਦੀ ਹੈ। ਸੀ.ਪੀ.ਆਈ (ਐਮ) ਦੀ ਪੱਛਮੀ ਬੰਗਾਲ ਦੀ ਸਰਕਾਰ ਕਾਂਗਰਸ ਜਾਂ ਬੀ ਜੇ ਪੀ ਦੀ ਕਿਸੇ ਵੀ ਸਰਕਾਰ ਨਾਲੋਂ ਕੋਈ ਵੱਖਰੀ ਗੱਲ ਨਹੀਂ ਕਰ ਰਹੀ ਅਤੇ ਨਾ ਕਰ ਹੀ ਸਕਦੀ ਹੈ।

ਅੱਜ ਦੀ ਲੋੜ ਲੋਕਾਂ ਨੂੰ ਆਪ ਹਾਕਮ ਬਣਨ ਦੀ ਲੋੜ ਹੈ। ਉਨ੍ਹਾਂ ਨੂੰ ਬਿਨਾਂ ਕਿਸੇ ਸਿਆਸੀ ਪਾਰਟੀ ਨੂੰ ਵਿਚੋਲਾ ਬਣਾਏ ਸਿਆਸੀ ਤਾਕਤ ਆਪਣੇ ਹੱਥ ਲੈਕੇ ਪਰਜਾਰਾਜ ਕਾਇਮ ਕਰਨ ਦੀ ਲੋੜ ਹੈ। ਇਹ ਕੰਮ ਉਹ ਆਪਣੀ ਏਕਤਾ ਅਤੇ ਆਪਣੀ ਸੇਧ ਨਾਲ ਹੀ ਕਰ ਸਕਦੇ ਹਨ। ਨੰਦੀਗਰਾਮ ਦੇ ਲੋਕਾਂ ਦਾ ਸੰਘਰਸ਼ ਇਕ ਵਾਰ ਫਿਰ ਇਸ ਤਾਰੀਖ਼ੀ ਲੋੜ ਨੂੰ ਨਿਖਾਰ ਕੇ ਪੇਸ਼ ਕਰਦਾ ਹੈ ਕਿ ਇਸ ਮਸਲੇ ਨੂੰ ਹਲ ਕੀਤੇ ਬਗੈਰ ਲੋਕ ਆਪਣੇ ਮਸਲੇ ਹਲ ਨਹੀਂ ਕਰ ਸਕਦੇ। ਲੋਕਾਂ ਨੂੰ ਆਪਣੇ ਮਸਲੇ ਹਲ ਕਰਨ ਲਈ ਇਹ ਤਾਰੀਖ਼ੀ ਲੋੜ ਪੂਰੀ ਕਰਨੀ ਹੀ ਪਵੇਗੀ।